Alberta

# ਨਿਊਜ਼ ਰਿਲੀਜ਼

# Q1 ਅੱਪਡੇਟ: ਮਜ਼ਬੂਤ ਭਵਿੱਖ ਲਈ ਚੌਕਸ ਆਸ਼ਾਵਾਦ

29 ਅਗਸਤ, 2024 ਮੀਡੀਆ ਪੁੱਛਗਿੱਛ

## ਅਲਬਰਟਾ ਇਹ ਯਕੀਨੀ ਬਣਾਉਣ ਲਈ ਆਪਣੇ ਵਿੱਤ ਦਾ ਧਿਆਨ ਨਾਲ ਪ੍ਰਬੰਧਨ ਕਰ ਰਿਹਾ ਹੈ ਕਿ ਅਲਬਰਟਾ ਵਾਸੀਆਂ ਲਈ ਸਹਾਇਤਾ ਹੁਣ ਅਤੇ ਭਵਿੱਖ ਵਿੱਚ ਉਪਲਬਧ ਹੈ।

ਸੂਬਾ 2024-25 ਦੇ ਅੰਤ ਤੱਕ ਉਸਦਾ ਸਰਪਲੱਸ $2.9 ਬਿਲੀਅਨ ਹੋਣ ਦਾ ਪੂਰਵ ਅਨੁਮਾਨ ਕਰ ਰਿਹਾ ਹੈ। ਹਾਲਾਂਕਿ ਇਹ ਬਜਟ 2024 ਦੇ ਪੂਰਵ ਅਨੁਮਾਨ ਨਾਲੋਂ $2.6 ਬਿਲੀਅਨ ਵੱਧ ਹੈ - ਮੁੱਖ ਤੌਰ 'ਤੇ ਤੇਲ ਦੀਆਂ ਉਮੀਦਾਂ ਤੋਂ ਵੱਧ ਕੀਮਤਾਂ ਦੇ ਨਤੀਜੇ ਵਜੋਂ - ਬਜਟ ਨੂੰ ਨਿਚੋੜਿਆ ਜਾ ਰਿਹਾ ਹੈ ਜਿਵੇਂ ਸਰਕਾਰ ਵਧਦੀ ਆਬਾਦੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਮਾਰਟ ਵਿੱਤੀ ਵਿਕਲਪ ਬਣਾਉਣ ਲਈ ਸਖਤ ਮਿਹਨਤ ਕਰ ਰਹੀ ਹੈ।

ਬਜਟ 'ਤੇ ਅਨੁਮਾਨਿਤ ਨਾਲੋਂ ਮਜ਼ਬੂਤ ਸਰਪਲੱਸ ਦੇ ਨਾਲ, ਸਰਕਾਰ ਆਪਣੇ ਕਰਜ਼ੇ ਦਾ ਪ੍ਰਬੰਧਨ ਕਰਦੇ ਹੋਏ ਅਤੇ ਭਵਿੱਖ ਲਈ ਬੱਚਤ ਕਰਦੇ ਹੋਏ ਅਲਬਰਟਾ ਵਾਸੀਆਂ ਦੀਆਂ ਜ਼ਰੂਰਤਾਂ ਵਿੱਚ ਨਿਵੇਸ਼ ਕਰਨਾ ਜਾਰੀ ਰੱਖ ਰਹੀ ਹੈ। ਜ਼ਿੰਮੇਵਾਰ ਖਰਚਿਆਂ ਨਾਲ ਜੋੜ ਕੇ, ਕਰਜ਼ੇ ਦੀ ਅਦਾਇਗੀ ਕਰਨ ਦੀ ਸਰਕਾਰ ਦੀ ਯੋਜਨਾ, ਅਲਬਰਟਾ ਵਾਸੀਆਂ ਨੂੰ ਲੰਬੇ ਸਮੇਂ ਲਈ ਬਚਾਏਗੀ ਅਤੇ ਆਉਣ ਵਾਲੇ ਸਾਲਾਂ ਲਈ ਮਹੱਤਵਪੂਰਨ ਪ੍ਰੋਗਰਾਮਾਂ ਨੂੰ ਕਾਇਮ ਰੱਖੇਗੀ।

ਮੂਡੀਜ਼ ਰੇਟਿੰਗਜ਼ - ਪਿਛਲੇ ਸਾਲ ਵਿੱਚ ਅਲਬਰਟਾ ਦੇ ਕ੍ਰੈਡਿਟ ਰੇਟਿੰਗ ਦ੍ਰਿਸ਼ਟੀਕੋਣ ਨੂੰ ਅਪਗ੍ਰੇਡ ਕਰਨ ਵਾਲੀਆਂ ਚਾਰ ਪ੍ਰਮੁੱਖ ਕ੍ਰੈਡਿਟ ਰੇਟਿੰਗ ਏਜੰਸੀਆਂ ਵਿੱਚੋਂ ਇੱਕ - ਨੇ ਕਿਹਾ ਕਿ ਅਲਬਰਟਾ ਦੇ ਆਰਥਿਕ ਅਨੁਮਾਨ ਭਵਿੱਖ ਵਿੱਚ ਹੋਰ ਵੀ ਚਮਕਦਾਰ ਦਿਖਾਈ ਦੇ ਸਕਦੇ ਹਨ ਜਿਵੇਂ ਸੂਬਾ ਕਰਜ਼ੇ ਨੂੰ ਸੀਮਤ ਕਰਨਾ ਜਾਰੀ ਰੱਖਦਾ ਹੈ ਅਤੇ ਆਪਣੇ ਬਜਟ ਦੀ ਸਮਝਦਾਰੀ ਨਾਲ ਵਰਤੋਂ ਕਰਦਾ ਹੈ। ਫਿਚ ਰੇਟਿੰਗਜ਼ ਨੇ ਕਿਹਾ ਕਿ ਅਲਬਰਟਾ ਆਰਥਿਕ ਸੁਧਾਰ ਦਾ ਅਨੁਭਵ ਕਰ ਰਿਹਾ ਹੈ।

"ਦੇਸ਼ ਭਰ ਦੇ ਲੋਕ ਅਲਬਰਟਾ ਲਈ ਉੱਜਵਲ ਭਵਿੱਖ ਦੇਖਦੇ ਹਨ, ਅਤੇ ਉਨ੍ਹਾਂ ਦਾ ਰਿਕਾਰਡ ਸੰਖਿਆ ਵਿੱਚ ਇੱਥੇ ਆਉਣਾ ਜਾਰੀ ਹੈ। ਜਦੋਂ ਕਿ ਇਹ ਆਬਾਦੀ ਵਿੱਚ ਵਾਧਾ ਚੁਣੌਤੀਆਂ ਪੈਦਾ ਕਰ ਰਿਹਾ ਹੈ ਅਤੇ ਸਾਡੇ ਹਸਪਤਾਲਾਂ, ਸਕੂਲਾਂ ਅਤੇ ਹੋਰ ਸੇਵਾਵਾਂ 'ਤੇ ਦਬਾਅ ਪਾ ਰਿਹਾ ਹੈ, ਸਾਡੀ ਸਮਝਦਾਰੀ ਅਤੇ ਅਨੁਸ਼ਾਸਨ ਇਨ੍ਹਾਂ ਚੁਣੌਤੀਆਂ ਦਾ ਪ੍ਰਬੰਧਨ ਕਰਨ ਵਿੱਚ ਮਦਦ ਕਰ ਰਹੇ ਹਨ।

*ਨੇਟ ਹੌਰਨਰ, ਟ੍ਰੇਜ਼ਰੀ ਬੋਰਡ ਦੇ ਪ੍ਰਧਾਨ ਅਤੇ ਵਿੱਤ ਮੰਤਰੀ*

ਅਲਬਰਟਾ ਦਾ ਮਜ਼ਬੂਤ ਆਰਥਿਕ ਵਿਕਾਸ ਅਤੇ ਆਉਣ ਵਾਲੇ ਸਾਲ ਲਈ ਆਉਟਲੁੱਕ ਕੁਝ ਚੁਣੌਤੀਆਂ ਲਿਆਉਂਦੀ ਹੈ। ਅਲਬਰਟਾ ਦੀ ਜਨਸੰਖਿਆ 2024 ਵਿੱਚ 4.6 ਪ੍ਰਤੀਸ਼ਤ ਵਧਣ ਲਈ ਤਿਆਰ ਹੈ - 2023 ਤੋਂ ਵੀ ਵੱਧ। ਜਿਵੇਂ ਕਿ ਸੂਬਾ ਇਹਨਾਂ ਚੁਣੌਤੀਆਂ ਦਾ ਸਾਹਮਣਾ ਕਰਦਾ ਹੈ, ਸਰਕਾਰ ਹਰ ਅਲਬਰਟਾ ਵਾਸੀ ਲਈ ਮੌਕੇ ਪੈਦਾ ਕਰਨ ਅਤੇ ਖੁਸ਼ਹਾਲੀ ਪੈਦਾ ਕਰਨ ਲਈ ਕਾਰਵਾਈ ਕਰ ਰਹੀ ਹੈ।

ਸਰਕਾਰ ਇੱਕ ਵਧ ਰਹੇ ਸੂਬੇ ਨੂੰ ਸਮਰਥਨ ਦੇਣ ਲਈ ਖਰਚ ਸੰਬੰਧੀ ਜ਼ਿੰਮੇਵਾਰ ਫੈਸਲੇ ਲੈ ਰਹੀ ਹੈ। ਸਿਹਤ ਅਤੇ ਸਿੱਖਿਆ ਲਈ ਰਿਕਾਰਡ ਫੰਡਿੰਗ ਪੱਧਰਾਂ ਦੇ ਨਾਲ, ਸੂਬੇ ਨੇ ਦਾਖਲੇ ਵਿੱਚ ਵਾਧੇ ਵਿੱਚ ਮਦਦ ਕਰਨ ਲਈ ਪਹਿਲੀ ਤਿਮਾਹੀ ਵਿੱਚ ਸਕੂਲਾਂ ਨੂੰ $125 ਮਿਲੀਅਨ ਵਾਧੂ ਪ੍ਰਦਾਨ ਕੀਤੇ। ਸਰਕਾਰ ਰਿਹਾਇਸ਼ ਅਤੇ ਬੀਮੇ, ਉਪਯੋਗਤਾਵਾਂ ਅਤੇ ਭੋਜਨ ਦੀਆਂ ਲਾਗਤਾਂ ਨੂੰ ਘੱਟ ਕਰਨ 'ਤੇ ਧਿਆਨ ਕੇਂਦਰਤ ਕਰਨਾ ਜਾਰੀ ਰੱਖ ਰਹੀ ਹੈ।

ਸੂਬਾ ਅਲਬਰਟਾ ਵਿੱਚ ਜੰਗਲ ਦੀਆਂ ਅੱਗਾਂ, ਜਿਸ ਵਿੱਚ ਜੈਸਪਰ ਨੈਸ਼ਨਲ ਪਾਰਕ ਨੂੰ ਤਬਾਹ ਕਰਨ ਵਾਲੀ ਅੱਗ ਵੀ ਸ਼ਾਮਲ ਹੈ, ਤੋਂ ਪ੍ਰਭਾਵਿਤ ਪਰਿਵਾਰਾਂ ਅਤੇ ਭਾਈਚਾਰਿਆਂ ਦੀ ਸਹਾਇਤਾ ਕਰਨ 'ਤੇ ਵੀ ਕੇਂਦਰਿਤ ਹੈ। ਅੱਜ ਤੱਕ, ਸੂਬੇ ਦੇ ਸੰਕਟਕਾਲੀਨ ਫੰਡ ਵਿੱਚੋਂ $573 ਮਿਲੀਅਨ ਆਫ਼ਤ ਅਤੇ ਸੰਕਟਕਾਲੀਨ ਖਰਚਿਆਂ ਲਈ ਅਲਾਟ ਕੀਤੇ ਗਏ ਹਨ। ਇਸ ਵਿੱਚ ਜੰਗਲ ਦੀਆਂ ਅੱਗਾਂ ਨਾਲ ਲੜਨ ਲਈ $550 ਮਿਲੀਅਨ, ਕਨੇਡੀਅਨ ਰੈੱਡ ਕਰਾਸ ਨੂੰ ਦਾਨ ਦੇਣ ਲਈ $10 ਮਿਲੀਅਨ, ਅਤੇ ਘਰ ਖਾਲੀ ਕੀਨ ਵਾਲੇ ਲੋਕਾਂ ਨੂੰ ਐਮਰਜੈਂਸੀ ਨਿਕਾਸੀ ਭੁਗਤਾਨਾਂ ਲਈ $13 ਮਿਲੀਅਨ ਸ਼ਾਮਲ ਹਨ।

## ਆਮਦਨ

2024-25 ਲਈ ਮਾਲੀਆ $76.2 ਬਿਲੀਅਨ ਹੋਣ ਦਾ ਪੂਰਵ ਅਨੁਮਾਨ ਹੈ, ਜੋ ਕਿ ਬਜਟ 2024 ਤੋਂ $2.7 ਬਿਲੀਅਨ ਦਾ ਵਾਧਾ ਹੈ।

- ਨਿੱਜੀ ਆਮਦਨ ਕਰ ਮਾਲੀਆ $458 ਮਿਲੀਅਨ ਵਧ ਕੇ $16.1 ਬਿਲੀਅਨ ਹੋ ਗਿਆ ਹੈ, ਅਲਬਰਟਾ ਦੇ ਲੇਬਰ ਮਾਰਕੀਟ ਵਿੱਚ ਆਬਾਦੀ ਦੇ ਵਾਧੇ ਅਤੇ ਲਾਭਾਂ ਨੂੰ ਦਰਸਾਉਂਦੇ ਹੋਏ।
- ਗੈਰ-ਨਵਿਆਉਣਯੋਗ ਸਰੋਤ ਮਾਲੀਆ $19.8 ਬਿਲੀਅਨ ਹੋਣ ਦਾ ਪੂਰਵ ਅਨੁਮਾਨ ਕੀਤਾ ਗਿਆ ਹੈ, ਜੋ ਕਿ ਤੇਲ ਦੀਆਂ ਉੱਚ ਕੀਮਤਾਂ, ਘੱਟ ਤੰਗ ਹਲਕੇ-ਭਾਰੀ ਅੰਤਰ, ਤੇਲ ਦੇ ਉੱਚ ਉਤਪਾਦਨ ਅਤੇ ਘੱਟ ਐਕਸਚੇਂਜ ਰੇਟ ਦੇ ਕਾਰਨ ਬਜਟ ਤੋਂ $2.5 ਬਿਲੀਅਨ ਵੱਧ ਹੈ।
- ਹੋਰ ਟੈਕਸ ਮਾਲੀਆ ਦਾ ਬਜਟ ਤੋਂ $38 ਮਿਲੀਅਨ ਘੱਟ ਹੋਣ ਦਾ ਪੂਰਵ ਅਨੁਮਾਨ ਹੈ, ਅੰਸ਼ਿਕ ਤੌਰ 'ਤੇ ਤੰਬਾਕੂ ਟੈਕਸ ਤੋਂ ਘੱਟ ਆਮਦਨ ਅਤੇ ਚੰਗੇ ਡਰਾਈਵਰਾਂ ਲਈ ਬੀਮਾ ਪ੍ਰੀਮੀਅਮਾਂ ਵਿੱਚ ਵਾਧੇ ਨੂੰ ਸੀਮਤ ਕਰਨ ਦੀ ਸਰਕਾਰ ਦੀ ਨੀਤੀ ਦੇ ਕਾਰਨ।

## ਖਰਚਾ

2024-25 ਲਈ ਖਰਚਾ $73.3 ਬਿਲੀਅਨ ਹੋਣ ਦਾ ਪੂਰਵ ਅਨੁਮਾਨ ਹੈ, ਜੋ ਕਿ ਬਜਟ 2024 ਤੋਂ $101 ਮਿਲੀਅਨ ਦਾ ਵਾਧਾ ਹੈ।

- ਓਪਰੇਟਿੰਗ ਖਰਚੇ ਵਿੱਚ $195 ਮਿਲੀਅਨ ਦਾ ਵਾਧਾ ਹੋਇਆ ਹੈ, ਜੋ ਮੁੱਖ ਤੌਰ 'ਤੇ ਸਿੱਖਿਆ ਵਿੱਚ ਦਾਖਲੇ ਦੇ ਵਾਧੇ ਅਤੇ ਮਹਿੰਗਾਈ ਦੇ ਦਬਾਅ ਨੂੰ ਸਮਰਥਨ ਦੇਣ ਲਈ $125 ਮਿਲੀਅਨ ਹੋਰ ਦੇ ਕਾਰਨ ਸੀ।
- ਆਫ਼ਤ ਅਤੇ ਸੰਕਟਕਾਲੀਨ ਖਰਚੇ ਅੱਜ ਤੱਕ $573 ਮਿਲੀਅਨ ਹਨ।
- 2024-25 ਲਈ ਸੰਕਟਕਾਲੀਨ ਫੰਡ ਵਿੱਚ $1.4 ਬਿਲੀਅਨ ਤੋਂ ਕੁਝ ਵੱਧ ਬਚਿਆ ਹੈ।

## ਤੇਲ ਦੀਆਂ ਕੀਮਤਾਂ ਅਤੇ ਧਾਰਨਾਵਾਂ

1 ਅਪ੍ਰੈਲ ਅਤੇ 31 ਜੁਲਾਈ ਦੇ ਵਿਚਕਾਰ, ਵੈਸਟ ਟੈਕਸਸ ਇੰਟਰਮੀਡੀਏਟ ਤੇਲ ਦੀ ਕੀਮਤ ਔਸਤ US$81 ਪ੍ਰਤੀ ਬੈਰਲ ਰਹੀ।

- ਹੁਣ ਵਿੱਤੀ ਸਾਲ ਦੇ ਦੌਰਾਨ ਇਸਦਾ ਔਸਤ US$76.50 ਪ੍ਰਤੀ ਬੈਰਲ ਹੋਣ ਦਾ ਪੂਰਵ ਅਨੁਮਾਨ ਕੀਤੀ ਗਿਆ ਹੈ, ਜੋ ਕਿ ਬਜਟ 2024 ਦੇ ਪੂਰਵ ਅਨੁਮਾਨ ਨਾਲੋਂ US$2.50 ਵੱਧ ਹੈ।
- 2024 ਦੀ ਪਹਿਲੀ ਛਿਮਾਹੀ ਵਿੱਚ ਭਾਰੀ ਤੇਲ ਦੀਆਂ ਕੀਮਤਾਂ ਨੂੰ ਵੀ ਹੁਲਾਰਾ ਮਿਲਿਆ, ਹਲਕੇ-ਭਾਰੀ ਤੇਲ ਦੀਆਂ ਕੀਮਤਾਂ ਦੇ ਅੰਤਰ ਨੂੰ 2024-25 ਵਿੱਚ US$14.40 ਪ੍ਰਤੀ ਬੈਰਲ ਦੇ ਪੂਰਵ ਅਨੁਮਾਨ ਔਸਤ ਤੱਕ ਘਟਾਉਂਦੇ ਹੋਏ, ਬਜਟ ਨਾਲੋਂ US$1.60 ਘੱਟ।

## ਅਲਬਰਟਾ ਹੈਰੀਟੇਜ ਸੇਵਿੰਗਜ਼ ਟਰੱਸਟ ਫੰਡ

ਅਲਬਰਟਾ ਹੈਰੀਟੇਜ ਸੇਵਿੰਗਜ਼ ਟਰੱਸਟ ਫੰਡ ਪਹਿਲੀ ਤਿਮਾਹੀ ਵਿੱਚ $23.4 ਬਿਲੀਅਨ ਦੇ ਮਾਰਕੀਟ ਮੁੱਲ ਤੱਕ ਵਧਿਆ, $509 ਮਿਲੀਅਨ ਦੀ ਸ਼ੁੱਧ ਨਿਵੇਸ਼ ਆਮਦਨ ਦੇ ਨਾਲ 2.1 ਪ੍ਰਤੀਸ਼ਤ ਰਿਟਰਨ ਕਮਉਂਦੇ ਹੋਏ।

- ਪਿਛਲੇ ਵਿੱਤੀ ਸਾਲ ਤੋਂ $2 ਬਿਲੀਅਨ ਦੀ ਵਾਧੂ ਨਕਦੀ 2024-25 ਵਿੱਚ ਹੈਰੀਟੇਜ ਫੰਡ ਵਿੱਚ ਨਿਵੇਸ਼ ਕੀਤੀ ਜਾਵੇਗੀ, ਜਿਸ ਦੀ ਫੰਡ ਨੂੰ $25 ਬਿਲੀਅਨ ਤੋਂ ਵੱਧ ਕਰਨ ਦੀ ਉਮੀਦ ਹੈ।
- 2050 ਤੱਕ ਹੈਰੀਟੇਜ ਫੰਡ ਨੂੰ $250 ਬਿਲੀਅਨ ਅਤੇ $400 ਬਿਲੀਅਨ ਦੇ ਵਿਚਕਾਰ ਬਣਾਉਣ ਲਈ ਯੋਜਨਾਵਾਂ ਕੰਮ ਕਰ ਰਹੀਆਂ ਹਨ ਤਾਂ ਜੋ ਸੂਬਾ ਸਰੋਤ ਮਾਲੀਏ 'ਤੇ ਘੱਟ ਨਿਰਭਰ ਹੋਵੇ ਅਤੇ ਉਸ ਕੋਲ ਅੰਤਰ-ਪੀੜ੍ਹੀ ਦੌਲਤ ਦਾ ਇੱਕ ਨਵਾਂ ਸਰੋਤ ਹੋਵੇ।

## ਕਰਜ਼ਾ

ਟੈਕਸਦਾਤਾ-ਸਮਰਥਿਤ ਕਰਜ਼ਾ 31 ਮਾਰਚ, 2025 ਤੱਕ $86.1 ਬਿਲੀਅਨ ਹੋਣ ਦਾ ਪੂਰਵ ਅਨੁਮਾਨ ਹੈ, ਜੋ ਬਜਟ ਵਿੱਚ ਅੰਦਾਜ਼ੇ ਤੋਂ $1.7 ਬਿਲੀਅਨ ਘੱਟ ਹੈ।

- ਕਰਜ਼ਾ-ਸਰਵਿਸਿੰਗ ਲਾਗਤਾਂ ਦਾ ਪੂਰਵ ਅਨੁਮਾਨ $3.2 ਬਿਲੀਅਨ ਹੈ, ਜੋ ਕਿ ਸਰਪਲੱਸ ਵਿੱਚ ਵਾਧੇ ਦੇ ਪੂਰਣ ਅਨੁਮਾਨ, ਜੋ ਉਧਾਰ ਲੈਣ ਦੀਆਂ ਲੋੜਾਂ ਨੂੰ ਘਟਾਉਂਦਾ ਹੈ ਦੇ ਨਤੀਜੇ ਵਜੋਂ ਬਜਟ ਤੋਂ $181 ਮਿਲੀਅਨ ਘੱਟ ਹੈ।
- ਆਪਣੇ ਵਿੱਤੀ ਢਾਂਚੇ ਦੀ ਪਾਲਣਾ ਕਰਦੇ ਹੋਏ, ਸੂਬਾ $3.7 ਬਿਲੀਅਨ - 2023-24 ਤੋਂ $7.3 ਬਿਲੀਅਨ ਸਰਪਲੱਸ ਕੈਸ਼ ਦਾ ਅੱਧਾ - ਆਉਣ ਵਾਲੇ ਕਰਜ਼ੇ ਦਾ ਭੁਗਤਾਨ ਕਰਨ ਲਈ ਵਰਤ ਰਿਹਾ ਹੈ, 2023-24 ਵਿੱਚ $1.8 ਬਿਲੀਅਨ ਅਤੇ 2024-25 ਵਿੱਚ $1.9 ਬਿਲੀਅਨ ਦਾ ਭੁਗਤਾਨ ਕੀਤਾ ਜਾ ਰਿਹਾ ਹੈ।
- ਬਾਕੀ ਬਚੇ ਅੱਧੇ ਵਿੱਚੋਂ, $2 ਬਿਲੀਅਨ ਹੈਰੀਟੇਜ ਫੰਡ ਵਿੱਚ ਜਮ੍ਹਾ ਕੀਤੇ ਜਾ ਰਹੇ ਹਨ, ਅਤੇ ਬਾਕੀ $1.7 ਬਿਲੀਅਨ ਦੀ ਵਰਤੋਂ 2024-25 ਵਿੱਚ ਲੋੜੀਂਦੇ ਨਵੇਂ ਉਧਾਰ ਨੂੰ ਸੀਮਤ ਕਰਨ ਲਈ ਕੀਤੀ ਜਾ ਰਹੀ ਹੈ।
- ਜਦੋਂ ਕਿ ਸੂਬਾ ਕਰਜ਼ੇ ਦਾ ਭੁਗਤਾਨ ਕਰਨ ਅਤੇ ਭਵਿੱਖ ਲਈ ਬੱਚਤ ਕਰਨ ਲਈ ਵਚਨਬੱਧ ਹੈ, ਓਪਰੇਟਿੰਗ ਸਰਪਲੱਸ ਵਿੱਚ ਸਮਾਯੋਜਨ ਤੋਂ ਬਾਅਦ, ਅਲਬਰਟਾ ਦਾ ਪੂਰਵ ਅਨੁਮਾਨ ਭਵਿੱਖਬਾਣੀ ਕਰਦਾ ਹੈ ਕਿ ਉਹ 2024-25 ਦੇ ਅੰਤ ਵਿੱਚ ਨਕਦ ਘਾਟੇ ਵਿੱਚ ਹੋਵੇਗਾ ਅਤੇ ਉਸਨੂੰ $0.6 ਬਿਲੀਅਨ ਉਧਾਰ ਲੈਣ ਦੀ ਲੋੜ ਹੋਵੇਗੀ।

## ਸੰਬੰਧਿਤ ਜਾਣਕਾਰੀ

- 2024-25 ਪਹਿਲੀ ਤਿਮਾਹੀ ਦੀ ਵਿੱਤੀ ਅੱਪਡੇਟ ਅਤੇ ਆਰਥਿਕ ਸਟੇਟਮੈਂਟ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ

## ਮੀਡੀਆ ਪੁੱਛਗਿੱਛ

### Justin Brattinga (ਜਸਟਿਨ ਬ੍ਰੈਟਿੰਗਾ)

587-357-2956
ਪ੍ਰੈਸ ਸਕੱਤਰ, ਟ੍ਰੇਜ਼ਰੀ ਬੋਰਡ ਅਤੇ ਵਿੱਤ